ੴ ਵਾਹਿਗੁਰੂ ਜੀ ਕੀ ਫ਼ਤਹਿ॥

# ਵਾਹੁ ਵਾਹੁ ਬਾਣੀ ਨਿਰੰਕਾਰ ਹੈ

## ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜਾਣਕਾਰੀ ਸੰਬੰਧੀ 100 ਸਵਾਲ

## ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋ ਕੇ ਸ਼ਬਦ ਗੁਰੂ ਨੂੰ ਪਹਿਚਾਨੀਏ

## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)


ਰਜਿਸਟਰਡ ਆਫਿਸ : %1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ, ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438, 98 14 00 77 77

Join us at Facebook or mail at : gurmatparsar7@gmail.com



ਦਾਸਰੇ:

**INDERJIT PROPERTIES**

SCO 188-190, G.F., SEC 34A, CHD.

**M: 98 14 00 77 77, 266 00 00**

ੴ ਵਾਹਿਗੁਰੂ ਜੀ ਕੀ ਫ਼ਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜਾਣਕਾਰੀ ਸੰਬੰਧੀ 100 ਸਵਾਲ

ਪ੍ਰਸ਼ਨ ੧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁੱਲ ਕਿੰਨੇ ਅੰਗ ਹਨ?

ਉੱਤਰ ੧੪੩੦ ਅੰਗ

ਪ੍ਰਸ਼ਨ ੨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਮਹਾਂ ਪੁਰਖਾਂ ਦੀ ਬਾਣੀ ਹੈ ?

ਉੱਤਰ ੩੫

ਪ੍ਰਸ਼ਨ ੩ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕਿੰਨੇ ਰਾਗਾਂ ਵਿਚ ਹੈ?

ਉੱਤਰ ੩੧ ਰਾਗਾਂ

ਪ੍ਰਸ਼ਨ ੪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ ਕਿੰਨੀਆਂ ਵਾਰਾਂ ਦਰਜ ਹਨ?

ਉੱਤਰ ੨੨ ਵਾਰਾਂ

ਪ੍ਰਸ਼ਨ ੫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈਆਂ ਕਿੰਨੀਆਂ ਵਾਰਾਂ ਤੇ ਧੁਨੀਆਂ ਚੜ੍ਹਾਈਆਂ ਗਈਆਂ ਹਨ?

ਉੱਤਰ ੯

ਪ੍ਰਸ਼ਨ ੬) ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ?

ਉੱਤਰ ੬ ਗੁਰੂ ਸਾਹਿਬਾਨ।

ਪ੍ਰਸ਼ਨ ੭) ਕਿੰਨੇ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ?

ਉੱਤਰ ੧੫ ਭਗਤ।

ਪ੍ਰਸ਼ਨ ੮) ਕਿੰਨੇ ਗੁਰ ਸਿੱਖਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ?

ਉੱਤਰ ੩

ਪ੍ਰਸ਼ਨ ੯) ਕਿੰਨੇ ਭੱਟਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ?

ਉੱਤਰ ੧੧

ਪਸ਼ਨ ੧੦) ੩੫ ਮਹਾਂ ਪੁਰਖ ਕਿਹੜੇ ਹਨ ਜਿਹਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ?

ਉੱਤਰ ੬ ਗੁਰੂ ਸਾਹਿਬਾਨ ੧੫ ਭਗਤ ੧੧ ਭੱਟ ੩ ਗੁਰਸਿੱਖ

ਪ੍ਰਸ਼ਨ ੧੧) ਰਾਗਾਂ ਵਿਚ ਬਾਣੀ ਦੀ ਤਰਤੀਬ ਕਿਸ ਤਰ੍ਹਾਂ ਹੈ?

ਉੱਤਰ ਸ਼ਬਦ, ਅਸ਼ਟਪਦੀ, ਛੰਤ, ਵਾਰਾਂ ਭਗਤਾਂ ਦੇ ਸ਼ਬਦ।

ਪ੍ਰਸ਼ਨ ੧੨) 'ਮਹਲਾ' ਸ਼ਬਦ ਤੋਂ ਕੀ ਭਾਵ ਹੈ?

ਉੱਤਰ ਸਰੀਰ, ਮਹਲਾ ੧ ਗੁਰੂ ਨਾਨਕ ਦੇਵ ਜੀ।

ਪ੍ਰਸ਼ਨ ੧੩) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਕਿੰਨੀਆਂ ਵਾਰਾਂ ਹਨ ਤੇ ਕਿਸ ਰਾਗ ਵਿਚ ਹਨ?

ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਤਿੰਨ ਵਾਰਾਂ ਹਨ

੧) ਮਾਝ ੨) ਆਸਾ ੩) ਮਲਾਰ

ਪ੍ਰਸ਼ਨ ੧੪) ਸ੍ਰੀ ਗੁਰੂ ਅਮਰਦਾਸ ਜੀ ਦੀਆਂ ਕਿੰਨੀਆਂ ਵਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਤੇ ਕਿਸ ਰਾਗ ਵਿਚ ਹਨ?

ਉੱਤਰ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਚਾਰ ਵਾਰਾਂ ਹਨ

੧) ਗੂਜਰੀ ੨) ਸੂਹੀ ੩) ਰਾਮਕਲੀ ੪) ਮਾਰੂ

ਪ੍ਰਸ਼ਨ ੧੫) ਸ੍ਰੀ ਗੁਰੂ ਰਾਮ ਦਾਸ ਜੀ ਦੀਆਂ ਕਿੰਨੀਆਂ ਵਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਤੇ ਕਿਸ ਰਾਗ ਵਿਚ ਹਨ?

ਉੱਤਰ ਸ੍ਰੀ ਗੁਰੂ ਰਾਮ ਦਾਸ ਜੀ ਦੀਆਂ ੮ ਵਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ

੧) ਸਿਰੀ ਰਾਗ ੨) ਗਉੜੀ ੩) ਬਿਹਾਗੜਾ ੪) ਵਡਹੰਸ

੫) ਸੋਰਿਠ ੬) ਬਿਲਾਵਲ ੭) ਸਾਰੰਗ ੮) ਕਾਨੜਾ

ਪ੍ਰਸ਼ਨ ੧੬) ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਕੁਲ ਕਿੰਨੀਆਂ ਵਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਤੇ ਕਿਹੜੇ ਰਾਗਾਂ ਵਿਚ ਹਨ?

ਉੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ੬ ਵਾਰਾਂ ਹਨ

੧) ਗਉੜੀ ੨) ਗੂਜਰੀ ੩) ਜੈਤਸਰੀ ੪) ਰਾਮਕਲੀ ੫) ਮਾਰੂ ੬) ਬਸੰਤ

ਪ੍ਰਸ਼ਨ ੧੭) ਸਿੱਖਾਂ ਦੀ ਵਾਰ ਕਿਹੜੀ ਹੈ ਤੇ ਕਿਸ ਰਾਗ ਵਿੱਚ ਹੈ?

ਉੱਤਰ ਸੱਤੇ ਬਲਵੰਡ ਦੀ ਵਾਰ ਤੇ ਇਹ ਰਾਮਕਲੀ ਰਾਗ ਵਿਚ ਹੈ

ਪ੍ਰਸ਼ਨ ੧੮) ੨੨ ਵਾਰਾਂ ਵਿਚ ਕਿੰਨੀਆਂ ਵਾਰਾਂ ਗੁਰੂ ਸਾਹਿਬਾਨ ਦੀਆਂ ਹਨ ਤੇ ਕਿੰਨੀਆਂ ਸਿੱਖਾਂ ਦੀਆਂ ਹਨ?

ਉੱਤਰ ੨੧ ਵਾਰਾਂ ਗੁਰੂ ਸਾਹਿਬਾਨ ਦੀਆਂ ਹਨ ਤੇ ਇਕ ਵਾਰ ਸਿੱਖਾਂ ਦੀ ਹੈ

ਪ੍ਰਸ਼ਨ ੧੯) 'ਜਪੁਜੀ ਸਾਹਿਬ' ਬਾਣੀ ਦਾ ਕੀ ਨਾਮ ਹੈ?

ਉੱਤਰ 'ਜਪੁ' ਬਾਣੀ

ਪ੍ਰਸ਼ਨ ੨੦) 'ਜਪੁ' ਬਾਣੀ ਕਿਸ ਗੁਰੂ ਸਾਹਿਬਾਨ ਦੀ ਰਚਨਾ ਹੈ?

ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ

ਪ੍ਰਸ਼ਨ ੨੧) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਪੱਟੀ' ਬਾਣੀ ਕਿੰਨੀ ਵਾਰ ਆਈ ਹੈ ਅਤੇ ਕਿਹੜੇ ਕਿਹੜੇ ਗੁਰੂਆਂ ਦੀ ਰਚਨਾ ਹੈ ਅਤੇ ਕਿਸ ਰਾਗ ਵਿਚ ਅੰਕਿਤ ਹੈ?

ਉੱਤਰ ੨ ਵਾਰੀ, ੧) ਸ੍ਰੀ ਗੁਰੂ ਨਾਨਕ ਦੇਵ ਜੀ ਦੀ ੨) ਗੁਰੂ ਅਮਰਦਾਸ ਜੀ

ਪ੍ਰਸ਼ਨ ੨੨) 'ਓਅੰਕਾਰ' ਕਿਸ ਗੁਰੂ ਸਾਹਿਬ ਜੀ ਦੀ ਬਾਣੀ ਹੈ ?

ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ

ਪ੍ਰਸ਼ਨ ੨੩) 'ਬਾਰਹਮਾਹ' (ਰਾਗ ਤੁਖਾਰੀ) ਕਿਸ ਗੁਰੂ ਸਾਹਿਬ ਦੀ ਹੈ?

ਉੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ

ਪ੍ਰਸ਼ਨ ੨੪) ਅਨੰਦ ਸਾਹਿਬ ਕਿਸ ਗੁਰੂ ਸਾਹਿਬ ਦੀ ਬਾਣੀ ਹੈ?

ਉੱਤਰ ਗੁਰੂ ਅਮਰਦਾਸ ਜੀ ਦੀ

ਪ੍ਰਸ਼ਨ ੨੫ ਸੁਖਮਨੀ ਸਾਹਿਬ ਬਾਣੀ ਕਿਸ ਗੁਰੂ ਸਾਹਿਬ ਦੀ ਹੈ?

ਉੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ

ਪ੍ਰਸ਼ਨ ੨੬) ਬਾਵਨ ਅੱਖਰੀ ਬਾਣੀ (ਰਾਗ ਗਉੜੀ) ਕਿਸ ਗੁਰੂ ਦੀ ਬਾਣੀ ਹੈ?

ਉੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ

ਪ੍ਰਸ਼ਨ ੨੭) ਬਾਵਨ ਅੱਖਰੀ (ਰਾਗ ਗਉੜੀ) ਕਿਸ ਭਗਤ ਦੀ ਰਚਨਾ ਹੈ?

ਉੱਤਰ ਭਗਤ ਕਬੀਰ ਜੀ ਦੀ

ਪ੍ਰਸ਼ਨ ੨੮) ਬਾਰਾਮਾਹ (ਰਾਗ ਮਾਝ) ਕਿਸ ਗੁਰੂ ਸਾਹਿਬ ਦੀ ਬਾਣੀ ਹੈ?

ਉੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ

ਪ੍ਰਸ਼ਨ ੨੯ 'ਸਦੁ' ਬਾਣੀ ਕਿਸ ਦੀ ਹੈ ਤੇ ਕਿਸ ਰਾਗ ਵਿੱਚ ਹੈ?

ਉੱਤਰ ਬਾਬਾ ਸੁੰਦਰ ਜੀ, ਰਾਗ ਰਾਮਕਲੀ

ਪ੍ਰਸ਼ਨ ੩੦) ਕਿਸ ਰਾਗ ਵਿੱਚ ਸਿਰਫ ਸ੍ਰੀ ਗੁਰੁ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਹੈ?

ਉੱਤਰ ਜੈਜਾਵੰਤੀ

ਪ੍ਰਸ਼ਨ ੩੧) ਮਹਲਾ ਨੌਵਾ ਦੇ ਸਲੋਕ ਜਾ ਭੋਗ ਦੇ ਸਲੋਕ ਕਿਸ ਅੰਗ ਤੋਂ ਅਰੰਭ ਹੁੰਦੇ ਹਨ?

ਉੱਤਰ ੧੪੨੬

ਪ੍ਰਸ਼ਨ ੩੨) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਿਸ ਗੁਰੂ ਸਾਹਿਬ ਨੇ ਸ਼ੁਰੂ ਕਰਵਾਈ ਸੀ?

ਉੱਤਰ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ

ਪ੍ਰਸ਼ਨ ੩੩) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਕਿਸ ਤੋਂ ਲਿਖਾਉਣ ਦੀ ਸੇਵਾ ਲੈ ਰਹੇ ਸਨ?

ਉੱਤਰ ਭਾਈ ਗੁਰਦਾਸ ਜੀ

ਪ੍ਰਸ਼ਨ ੩੪) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਕਿਸ ਸਥਾਨ ਤੇ ਲਿਖੀ ਗਈ ਸੀ?

ਉੱਤਰ ਰਾਮਸਰ ਸਰੋਵਰ ਦੇ ਕੰਢੇ ਸ੍ਰੀ ਅੰਮ੍ਰਿਤਸਰ ਵਿਖੇ

ਪ੍ਰਸ਼ਨ ੩੫) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਸੰਪਾਦਨਾ ਕਦੋਂ ਸੰਪੂਰਨ ਹੋਈ?

ਉੱਤਰ ਸੰਨ ੧੬੦੪ ਈਸਵੀ

ਪ੍ਰਸ਼ਨ ੩੬) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬੀੜ ਦੀ ਜਿਲਦ ਕਿਸ ਨੇ ਬੰਨ੍ਹੀ ਸੀ?

ਉੱਤਰ ਭਾਈ ਬੰਨੋ ਜੀ

ਪ੍ਰਸ਼ਨ ੩੭) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਮਿੰਦਰ ਸਾਹਿਬ ਵਿਖੇ ਜਦੋਂ ਹੋਇਆ ਤਾਂ ਪਹਿਲੇ ਗ੍ਰੰਥੀ ਕੌਣ ਸਨ?

ਉੱਤਰ ਬਾਬਾ ਬੁੱਢਾ ਜੀ

ਪ੍ਰਸ਼ਨ ੩੮) ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਗੱਦੀ ਕਦੋਂ ਮਿਲੀ ਸੀ?

ਉੱਤਰ ੧੭੦੮ ਈ: ਨਾਂਦੇੜ- ਮਹਾਰਾਸ਼ਟਰ

ਪ੍ਰਸ਼ਨ ੩੯) ਅੱਜ ਸਿੱਖਾਂ ਦੇ ਗੁਰੂ ਕੌਣ ਹਨ?

ਉੱਤਰ ਸੀ ਗੁਰੂ ਗ੍ਰੰਥ ਸਾਹਿਬ ਜੀ

ਪ੍ਰਸ਼ਨ ੪੦) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੂਲ ਮੰਤ੍ਰ ਕਿਹੜਾ ਹੈ?

ਉੱਤਰ ੧ਓ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਿਤ ਅਜੂਨੀ ਸੈਭੰ ਗੁਰਪ੍ਰਸਾਦਿ॥

ਪ੍ਰਸ਼ਨ ੪੧) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਪੂਰਨ ਮੂਲ ਮੰਤ੍ਰ ਕਿੰਨੀ ਵਾਰ ਦਰਸਨ ਹੁੰਦੇ ਹਨ?

ਉੱਤਰ ੩੩ ਵਾਰੀ

ਪ੍ਰਸ਼ਨ ੪੨) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਗੁਰੂ ਸਾਹਿਬਾਨ ਦੀਆਂ ਵਾਰਾਂ ਹਨ?

ਉੱਤਰ ੪ ਗੁਰੂ ਸਾਹਿਬਾਨਾਂ ਦੀਆਂ

ਪ੍ਰਸ਼ਨ ੪੩) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੇ ਗੁਰੂਆਂ ਦੀਆਂ ਵਾਰਾਂ ਹਨ?

ਉੱਤਰ ੧) ਸ੍ਰੀ ਗੁਰੂ ਨਾਨਕ ਦੇਵ ਜੀ ੨) ਸ੍ਰੀ ਗੁਰੂ ਅਮਰਦਾਸ ਜੀ
੩) ਸ੍ਰੀ ਗੁਰੂ ਰਾਮਦਾਸ ਜੀ ੪) ਸ੍ਰੀ ਗੁਰੂ ਅਰਜਨ ਦੇਵ ਜੀ

ਪ੍ਰਸ਼ਨ ੪੪) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀਆਂ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਗਿਆ ਹੈ?

ਉੱਤਰ ਤਿੰਨ

ਪ੍ਰਸ਼ਨ ੪੫)ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਭਾਗ ਵਿੱਚ ਕੀ ਹੈ?

ਉੱਤਰ ਜਪੁ, ਸੋਦਰੁ, ਸੋਹਿਲਾ

ਪ੍ਰਸ਼ਨ੪੬) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਹਿਲਾ ਭਾਗ ਕਿੰਨੇ ਅੰਗਾਂ ਤਕ ਹੈ?

ਉੱਤਰ ੧ ਤੋਂ ੧੩ ਤੱਕ

ਪ੍ਰਸ਼ਨ ੪੭ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੂਜੇ ਭਾਗ ਵਿੱਚ ਕੀ ਹੈ?

ਉੱਤਰ ਰਾਗ ਬੱਧ ਬਾਣੀ

ਪ੍ਰਸ਼ਨ ੪੮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬੱਧ ਬਾਣੀ ਕਿਸ ਅੰਗ ਤੋਂ ਕਿਸ ਅੰਗ ਤੱਕ ਹੈ?

ਉੱਤਰ ਅੰਗ ੧੪ ਤੋਂ ੧੩੫੨ ਤੱਕ

ਪ੍ਰਸ਼ਨ ੪੯ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਰਹਿਤ ਬਾਣੀ ਕਿਹੜੇ ਅੰਗ ਤੋਂ ਕਿਹੜੇ ਅੰਗ ਤੱਕ ਹੈ?

ਉੱਤਰ ੧੩੫੩ ਤੋਂ ੧੪੩੦ ਤੱਕ

ਪ੍ਰਸ਼ਨ ੫੦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਹੜੀਆਂ ਕਿਹੜੀਆਂ ਭਾਸ਼ਾਵਾਂ ਵਰਤੀਆਂ ਗਈਆਂ ਹਨ?

ਉੱਤਰ ਬ੍ਰਿਜ, ਹਿੰਦੀ, ਪੰਜਾਬੀ, ਮਰਾਠੀ, ਗੁਜਰਾਤੀ, ਅਰਬੀ, ਫਾਰਸੀ, ਸੰਸਕ੍ਰਿਤ, ਉਰਦੂ ਆਦਿ

ਪ੍ਰਸ਼ਨ ੫੧ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੀਜੇ ਭਾਗ ਵਿਚ ਕੀ ਹੈ?

ਉੱਤਰ ਰਾਗ ਰਹਿਤ ਬਾਣੀ

ਪ੍ਰਸ਼ਨ ੫੨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕਿਸ ਦੀ ਜੋਤ ਮੰਨਿਆ ਜਾਂਦਾ ਹੈ?

ਉੱਤਰ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ

ਪ੍ਰਸ਼ਨ ੫੩ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਰਾ ਮਾਹਾ ਬਾਣੀ ਕਿੰਨੀ ਵਾਰ ਆਉਂਦੀ ਹੈ?

ਉੱਤਰ ੨ ਵਾਰੀ

ਪ੍ਰਸ਼ਨ ੫੪ ਜਿਹੜੇ ਸਲੋਕ ਵਾਰਾਂ ਵਿਚ ਦਰਜ ਕਰਨ ਤੋਂ ਬਚ ਗਏ, ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਿਸ ਸਿਰਲੇਖ ਹੇਠ ਦਰਜ ਕੀਤਾ ਗਿਆ ਹੈ?

ਉੱਤਰ ਸਲੋਕ ਵਾਰਾਂ ਤੇ ਵਧੀਕ

ਪ੍ਰਸ਼ਨ ੫੫ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਬਾਣੀ ਸੋਹਿਲਾ ਵਿਚ ਕਿਹੜੇ ਕਿਹੜੇ ਗੁਰੂਆਂ ਦੀ ਬਾਣੀ ਦਰਜ ਹੈ?

ਉੱਤਰ ਤਿੰਨ ਗੁਰੂਆਂ ਦੀ

੧) ਸ੍ਰੀ ਗੁਰੂ ਨਾਨਕ ਦੇਵ ਜੀ ੨) ਗੁਰੂ ਰਾਮਦਾਸ ਜੀ ੩) ਗੁਰੂ ਅਰਜਨ ਦੇਵ ਜੀ

ਪ੍ਰਸ਼ਨ੫੬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਚਨਾ ਪੱਟੀ (ਆਸਾਰਾਗ) ਵਿਚ ਕਿੰਨੀਆਂ ਪਉੜੀਆਂ ਹਨ?

ਉੱਤਰ ੧੮ ਪਾਉੜੀਆਂ

ਪ੍ਰਸ਼ਨ੫੭ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਵਈਏ ਮਹਲੇ ਹਉਥੇ ਕੇ ਦੇ ਵਿੱਚ ਕਿੰਨੇ ਸਵਈਏ ਦਰਜ ਹਨ?

ਉੱਤਰ ੬੦ ਸਵਈਏ

ਪ੍ਰਸ਼ਨ ੫੮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਕਿੰਨੇ ਰਾਗਾਂ ਵਿਚ ਉਚਾਰੀ ਗਈ ਹੈ?

ਉੱਤਰ ੧੯ ਰਾਗਾ ਵਿਚ

ਪ੍ਰਸ਼ਨ ੫੯) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੇ ਗੁਰੂ ਜੀ ਦੇ ਸ਼ਬਦ ਨਹੀ ਸਗੋਂ ਕੇਵਲ ਸਲੋਕ ਦਰਜ ਹਨ?

ਉੱਤਰ ਸ੍ਰੀ ਗੁਰੂ ਅੰਗਦ ਦੇਵ ਜੀ

ਪ੍ਰਸ਼ਨ ੬੦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ੨੨ ਵਾਰਾਂ ਵਿਚੋਂ ਸਭ ਤੋਂ ਛੋਟੀਆ ਵਾਰਾਂ ਕਿਹੜੀਆ ਹਨ?

ਉੱਤਰ ਸੱਤੇ ਬਲਵੰਡੇ ਕੀ ਵਾਰ, ਬਸੰਤ ਕੀ ਵਾਰ

ਪ੍ਰਸ਼ਨ ੬੧ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ੨੨ ਵਾਰਾ ਵਿਚੋਂ ਕਿੰਨੀਆਂ ਤੇ ਕਿਹੜੀਆਂ ਵਾਰਾਂ ਸਲੋਕਾਂ ਤੋਂ ਬਿਨਾਂ ਹਨ?

ਉੱਤਰ ਬਸੰਤ ਕੀ ਵਾਰ ਅਤੇ ਸੱਤੇ ਬਲਵੰਡ ਕੀ ਵਾਰ

ਪ੍ਰਸ਼ਨ ੬੨ 'ਸਿੱਧ ਗੋਸਿਟ' ਬਾਣੀ ਦਾ ਵਿਸ਼ਾ ਕੀ ਹੈ?

ਉੱਤਰ ਸਿੱਧਾਂ ਨਾਲ ਵਿਚਾਰ ਚਰਚਾ

ਪ੍ਰਸ਼ਨ ੬੩ 'ਜਪੁ' ਬਾਣੀ ਵਿਚ ਦੱਸੇ ਕਿਹੜੇ ਕਰਮਾਂ ਕਰਕੇ ਸਚਿਆਰ ਨਹੀ ਹੋਈਦਾ?

ਉੱਤਰ ਸਚਮਤਾ ਰੱਖਣ ਨਾਲ, ਚੁਪ ਰਹਿਣ ਨਾਲ। ਸੰਸਾਰ ਦੇ ਸਾਰੇ ਪਦਾਰਥ ਲੈਣ ਦੇ ਨਾਲ , ਹਜ਼ਾਰਾਂ ਸਿਆਣਪਾਂ ਨਾਲ ਪਰਮਾਤਮਾ ਨਹੀ ਮਿਲਦਾ ਹੈ

ਪ੍ਰਸ਼ਨ ੬੪ ਪ੍ਰਮਾਤਮਾ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ?

ਉਤਰ 'ਹੁਕਮਿ ਰਜਾਈ ਚਲਣਾ'

ਪ੍ਰਸ਼ਨ ੬੫ 'ਜਪੁ' ਬਾਣੀ ਵਿਚ ਕਿੰਨੇ ਸਲੋਕ ਤੇ ਕਿੰਨੀਆਂ ਪਉੜੀਆਂ ਹਨ?

ਉੱਤਰ ਦੋ ਸਲੋਕ ਤੇ ੩੮ ਪਾਉੜੀਆਂ ਹਨ

ਪ੍ਰਸ਼ਨ ੬੬ ਕਿਹੜੇ ਦੋ ਸਲੋਕ ਹਨ ਤੇ ਕਿੱਥੇ ਹਨ?

ਉੱਤਰ 'ਜਪੁ' ਬਾਣੀ ਦੇ ਅਰੰਭ ਵਿਚ ਪਹਿਲਾਂ ਸਲੋਕ ਹੈ:

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

ਤੇ ਇਕ ਸਲੋਕ ੩੮ ਪਉੜੀਆਂ ਤੋਂ ਅੰਤ ਵਿਚ ਹੈ 'ਪਵਣੁ ਗੁਰੁ ਪਾਣੀ ਪਿਤਾ ਮਾਤਾ ਧਰਤਿ ਮਹਤੁ ...॥

ਪ੍ਰਸ਼ਨ ੬੭ ਸੁਖਮਨੀ ਸਾਹਿਬ ਬਾਣੀ ਦਾ ਕੇਂਦਰੀ ਭਾਵ ਕਿਹੜਾ ਹੈ ਪੰਕਤੀ ਅੰਕਿਤ ਕਰੋ?

ਉੱਤਰ ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ ਰਹਾਉ ॥

ਪ੍ਰਸ਼ਨ ੬੮ ਸੋ ਪੁਰਖੁ ਦੇ ਸਿਰਲੇਖ ਹੇਠ ਕਿੰਨੇ ਸ਼ਬਦ ਦਰਜ ਹਨ?

ਉੱਤਰ ਸੋ ਪੁਰਖੁ ਦੇ ਸਿਰਲੇਖ ਹੇਠ ਚਾਰ ਸ਼ਬਦ ਦਰਜ ਹਨ।

ਪ੍ਰਸ਼ਨ ੬੯ ਸੋ ਦਰੁ ਦੇ ਸਿਰਲੇਖ ਹੇਠ ਕਿੰਨੇ ਸ਼ਬਦ ਦਰਜ ਹਨ?

ਉੱਤਰ ਸੋ ਦਰੁ ਦੇ ਸਿਰਲੇਖ ਹੇਠ ਪੰਜ ਸ਼ਬਦ ਦਰਜ ਹਨ?

ਪ੍ਰਸ਼ਨ ੭੦ ਉਹ ਕਿਹੜੇ ਗੁਰੂ ਹਨ ਜਿਨ੍ਹਾਂ ਦੇ ਹਰ ਸ਼ਬਦ ਦੇ ਅਰੰਭਿਕ ਪੰਕਤੀ ਹੀ ਰਹਾਉ ਦੀ ਤੁਕ ਹੈ?

ਉੱਤਰ ਨੌਂਵੇ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ

ਪ੍ਰਸ਼ਨ ੭੧ ੧੬੦੪ ਵਿਚ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਸਮੇਂ ਕਿੰਨੇ ਗੁਰੂ ਸਾਹਿਬਾਂ ਦੀ ਬਾਣੀ ਦਰਜ ਸੀ?

ਉੱਤਰ ਪੰਜ ਗੁਰੂ ਸਾਹਿਬਾਨ ਦੀ ਬਾਣੀ ਦਰਜ ਸੀ

ਪ੍ਰਸ਼ਨ ੭੨ ੧੭੦੮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਗੁਰੂ ਸਾਹਿਬਾਂ ਦੀ ਬਾਣੀ ਦਰਜ ਸੀ?

ਉੱਤਰ ੬ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ।

ਪ੍ਰਸ਼ਨ ੭੩ 'ਰਹਾਉ' ਦਾ ਕੀ ਮੱਹਤਵ ਹੈ?

ਉੱਤਰ 'ਰਹਾਉ' ਦਾ ਅਰਥ ਹੈ ਠਹਿਰ ਜਾਉ, ਕਿਉਂਕਿ ਇਹ ਹੀ ਸ਼ਬਦ ਦੇ ਕੇਂਦਰੀ ਮੁੱਖ ਭਾਵ ਵਾਲਾ ਬੰਦ ਹੈ।

ਪ੍ਰਸ਼ਨ ੭੪ ਸਹਸ ਕਿਰਤੀ ਸਲੋਕ ਵਿਚ ਕਿੰਨੇ ਗੁਰੂ ਸਾਹਿਬ ਦੀ ਬਾਣੀ ਦਰਜ ਹੈ?

ਉੱਤਰ ਦੋ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ, ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਰਜਨ ਦੇਵ ਜੀ

ਪ੍ਰਸ਼ਨ ੭੫ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ਬਦਾਂ ਦੇ ਸਿਰਲੇਖ ਵਿਚ 'ਘਰ' ਸ਼ਬਦ ਆਉਂਦਾ ਹੈ? ਕਿੰਨੇ ਘਰ ਤੱਕ ਅੰਕਿਤ ਹਨ?

ਉੱਤਰ ੧੭

ਪ੍ਰਸ਼ਨ ੭੬ 'ਸੋਰਠਾ' ਤੋਂ ਕੀ ਭਾਵ ਹੈ?

ਉੱਤਰ ਇਕ ਮਾਤ੍ਰਿਕ ਛੰਤ

ਪ੍ਰਸ਼ਨ ੭੭ 'ਏਕੁ ਸੁਆਨੁ ਕੈ ਘਰ ਗਾਵਣਾ' ਦਾ ਕੀ ਅਰਥ ਹੈ?

ਉੱਤਰ ਇਹ ਸ਼ਬਦ 'ਏਕੁ ਸੁਆਨੁ ਪੰਨਾ ੨੪ ਵਾਲੇ ਸ਼ਬਦ ਦੇ ਘਰ ੪ ਵਿਚ ਗਾਉਣਾ ਹੈ

ਪ੍ਰਸ਼ਨ ੭੮ ਪਹਿਰਿਆ ਕੇ ਘਰਿ ਗਾਵਣੁ ਤੋਂ ਕੀ ਭਾਵ ਹੈ?

ਉੱਤਰ ਪੰਨਾ ਨੰ.੭੪ ਤੇ ਅੰਕਿਤ ਬਾਣੀ ਪਹਿਰਿਆ ਘਰ ੧ ਵਿੱਚ ਗਾਇਆ ਜਾਵੇ। ਸੰਬੰਧਿਤ ਸ਼ਬਦ ਨੂੰ ਬਾਣੀ ਪਹਿਰਿਆ ਵਾਲੇ ਸ਼ਬਦ ਦੇ ਘਰ ੨ ਵਿੱਚ ਗਾਉਣਾ ਹੈ।

ਪ੍ਰਸ਼ਨ ੭੯ 'ਥਿਤੀ' ਕਿਹੜੇ ਪਾਤਸ਼ਾਹ ਦੀ ਬਾਣੀ ਹੈ?

ਉੱਤਰ 'ਥਿਤੀ' ਬਾਣੀ ਪੰਜਵੇ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ

ਪ੍ਰਸ਼ਨ ੮੦ ਸੁਖਮਨੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਸ ਅੰਗ ਤੇ ਹੈ?

ਉੱਤਰ ੨੬੨

ਪ੍ਰਸ਼ਨ ੮੧ 'ਦਿਨ ਰੈਣਿ' ਕਿਹੜੇ ਗੁਰੂ ਸਾਹਿਬਾਨ ਦੀ ਬਾਣੀ ਹੈ?

ਉੱਤਰ 'ਦਿਨ ਰੈਣਿ' ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ।

ਪ੍ਰਸ਼ਨ ੮੧ 'ਰਾਮਕਲੀ ਸਦੁ' ਬਾਣੀ ਕਿਸ ਦੁਆਰਾ ਅੰਕਿਤ ਕੀਤੀ ਗਈ ਹੈ ਤੇ ਇਸ ਵਿਚ ਕੀ ਸਨੇਹਾ ਹੈ?

ਉੱਤਰ ਬਾਬਾ ਸੁੰਦਰ ਜੀ ਦੁਆਰਾ ਅੰਕਿਤ ਹੈ। ਰੱਬ ਵਲੋਂ ਗੁਰੂ ਅਮਰਦਾਸ ਜੀ ਨੂੰ ਆਇਆ ਹੋਇਆ ਸੱਦਾ ਭਾਵ ਕਿ ਮੌਤ ਦਾ ਬੁਲਾਵਾ।

ਪ੍ਰਸ਼ਨ ੮੩ ਲਾਵਾਂ ਬਾਣੀ ਕਿਸ ਗੁਰੂ ਸਾਹਿਬ ਦੀ ਬਾਣੀ ਹੈ?

ਉੱਤਰ ਲਾਵਾਂ ਬਾਣੀ ਗੁਰੂ ਰਾਮਦਾਸ ਜੀ ਦੀ ਰਚਨਾ ਹੈ।

ਪ੍ਰਸ਼ਨ ੮੪ 'ਅਲਾਹਣੀਆਂ' ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਸ ਅੰਗ ਤੇ ਕਿਸ ਰਾਗ ਵਿੱਚ ਅਕਿੰਤ ਹੈ?

ਉੱਤਰ ੫੭੮ ਪਾਵਨ ਅੰਗ ਰਾਗੁ ਵਡਹੰਸੁ

ਪ੍ਰਸ਼ਨ ੮੫ ਆਸਾ ਕੀ ਵਾਰ ਬਾਣੀ ਕਿੰਨੇ ਅੰਗ ਤੇ ਹੈ?

ਉੱਤਰ ੪੬੨

ਪ੍ਰਸ਼ਨ ੮੬ ਆਸਾ ਕੀ ਵਾਰ ਵਿਚ ਕਿੰਨੇ ਸਲੋਕ ਗੁਰੂ ਨਾਨਕ ਦੇਵ ਜੀ ਦੇ ਹਨ?

ਉੱਤਰ ੪੫

ਪ੍ਰਸ਼ਨ ੮੭ ਆਸਾ ਕੀ ਵਾਰ ਬਾਣੀ ਵਿਚ ਕਿੰਨੇ ਸਲੋਕ ਗੁਰੂ ਅੰਗਦ ਦੇਵ ਜੀ ਦੇ ਹਨ ?

ਉੱਤਰ ੧੫

ਪ੍ਰਸ਼ਨ ੮੮ ਆਸਾ ਕੀ ਵਾਰ ਵਿਚ ਕਿੰਨੀਆਂ ਪਾਉੜੀਆ ਹਨ?

ਉੱਤਰ ੨੪

ਪ੍ਰਸ਼ਨ ੮੯ ਅਨੰਦ ਸਾਹਿਬ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿੰਨੇ ਅੰਗ ਤੇ ਹੈ ਤੇ ਕਿਸ ਰਾਗ ਵਿਚ ਹੈ?

ਉੱਤਰ ਰਾਮਕਲੀ ਰਾਗ ੯੧੭

ਪ੍ਰਸ਼ਨ ੯੦ 'ਸਦੁ' ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿੰਨੇ ਅੰਗ ਤੇ ਹੈ?

ਉੱਤਰ ੯੨੩

ਪ੍ਰਸ਼ਨ ੯੧ ਅਕਾਲ ਪੁਰਖ ਦੀ ਭਾਖਿਆ (ਬੋਲੀ) ਕੀ ਹੈ?

ਉੱਤਰ ਅਕਾਲ ਪੁਰਖ ਦੀ ਭਾਖਿਆ (ਬੋਲੀ) ਪ੍ਰੇਮ ਹੈ

ਪ੍ਰਸ਼ਨ ੯੨ ਅਸੀ ਆਪਣਾ ਦੁਖ ਕਿਵੇਂ ਦੂਰ ਕਰ ਸਕਦੇ ਹਾਂ ਅਤੇ ਕਿਵੇਂ ਸੁਖ ਨੂੰ ਹਿਰਦੇ ਵਿਚ ਵਸਾ ਸਕਦੇ ਹਾਂ?

ਉੱਤਰ 'ਗਾਵੀਐ ਸੁਣੀਐ ਮਨਿ ਰਖੀਐ ਭਾਉ॥ ਦੁਖ ਪਰਹਰਿ ਸੁਖ ਘਰਿ ਲੈ ਜਾਇ।

ਪ੍ਰਸ਼ਨ ੯੩ ਸਾਡੇ ਲਈ ਸ਼ਿਵ , ਗੋਰਖ, ਬ੍ਰਹਮਾ ਅਤੇ ਪਾਰਬਤੀ ਕੌਣ ਹੈ?

ਉੱਤਰ ਗੁਰੂ ਹੀ ਸਾਡੇ ਲਈ ਸ਼ਿਵ ਹੈ, ਗੁਰੂ ਹੀ ਸਾਡੇ ਲਈ ਗੋਰਖ, ਗੁਰੂ ਹੀ ਬ੍ਰਹਮਾ ਤੇ ਪਾਰਬਤੀ ਹੈ।

ਪ੍ਰਸ਼ਨ ੯੪ 'ਜਪੁਜੀ ਸਾਹਿਬ' ਵਿਚ ਕਿਸ ਫੁਰਮਾਨ ਦਾ ਅਰਥ ਹੈ? ਹੇ! ਵਾਹਿਗੁਰੂ ਜੋ ਤੈਨੂੰ ਚੰਗਾ ਲੱਗਦਾ ਹੈ ਉਹੀ ਕੰਮ ਭਲਾ ਹੈ?

ਉੱਤਰ 'ਜੋ ਤਧੁ ਭਾਵੈ ਸਾਈ ਭਲੀ ਕਾਰ ਤੂੰ ਸਦਾ ਸਲਾਮਤਿ ਨਿਰੰਕਾਰ॥'

ਪ੍ਰਸ਼ਨ ੯੫ 'ਜਪੁਜੀ ਸਾਹਿਬ' ਵਿਚ ਉਹ ਕਿਹੜੀ ਪੰਕਤੀ ਹੈ ਜਿਸਦਾ ਭਾਵ ਹੈ ਕਿ ਕੋਈ ਜਗ੍ਹਾ ਐਸੀ ਨਹੀ ਜਿਥੇ ਆਕਾਲ ਪੁਰਖ ਨਹੀ ਹੈ?

ਉੱਤਰ ਵਿਣੁ ਨਾਵੈ ਨਾਹੀ ਕੋ ਥਾਉ॥

ਪ੍ਰਸ਼ਨ ੯੬ 'ਆਥਿ' ਦਾ ਕੀ ਅਰਥ ਹੈ?

ਉੱਤਰ ਮਾਇਆ।

ਪ੍ਰਸ਼ਨ ੯੭ 'ਅੰਤਿ ਕਾਰਣਿ ਕੇਤੇ ਬਿਲਲਾਹਿ' ਦਾ ਕੀ ਅਰਥ ਹੈ?

ਉੱਤਰ ਕਈ ਮਨੁੱਖ ਅਕਾਲ ਪੁਰਖ ਦਾ ਹੱਦ ਬੰਨਾ ਲੱਭਣ ਲਈ ਬਿਲਕ ਰਹੇ ਹਨ ਪਰ ਉਹ ਉਸਦੇ ਹੱਦ ਬੰਨ੍ਹੇ ਨੂੰ ਲੱਭ ਨਹੀ ਸਕਦੇ।

ਪ੍ਰਸ਼ਨ ੯੮ 'ਗੁਰ ਪ੍ਰਸਾਦਿ' ਤੋਂ ਕੀ ਭਾਵ ਹੈ?

ਉੱਤਰ ਗੁਰੂ ਦੀ ਕਿਰਪਾ ਦੁਆਰਾ।

ਪ੍ਰਸ਼ਨ ੯੯ 'ਆਈ ਪੰਥੀ ਕੀ ਹੈ?

ਉੱਤਰ ਜੋਗੀਆਂ ਦੇ ਬਾਰਾਂ ਫਿਰਕੇ ਹਨ। ਇਨ੍ਹਾਂ ਵਿਚੋਂ ਸਭ ਤੋਂ ਉੱਚਾ ਆਈ ਪੰਥ ਦੱਸਿਆ ਜਾਂਦਾ ਹੈ।

ਪ੍ਰਸ਼ਨ ੧੦੦) 'ਆਦੇਸ਼' ਤੋਂ ਕੀ ਭਾਵ ਹੈ?

ਉੱਤਰ ' ਆਦੇਸ ਤੋਂ ਭਾਵ ਹੈ 'ਪ੍ਰਣਾਮ'।

Taj Offset Printers, 9888540335